**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**(ਸਿੱਖਿਆ-3 ਸ਼ਾਖਾ)**

**(ਵੈੱਬ-ਸਾਈਟ ਤੇ)**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ / ਐ.ਸਿ)
ਅਤੇ ਸਮੂਹ ਸਕੂਲ ਮੁੱਖੀ।

ਮੀਮੋ ਨੰਬਰ: 5/96/2018-5ਸਿ3/1334615/1
ਮਿਤੀ: 16/10/2018

ਵਿਸ਼ਾ: ਨਕਾਰਾ ਪਏ ਸਮਾਨ ਨੂੰ ਡਿਸਪੋਜ਼ ਆਫ ਕਰਕੇ ਸਰਕਾਰੀ ਸਕੂਲਾਂ ਦੇ ਕਮਰਿਆਂ ਨੂੰ ਖਾਲ੍ਹੀ ਕਰਨ ਸਬੰਧੀ।

****

ਵਿਭਾਗ ਦੇ ਧਿਆਨ ਵਿਚ ਆਇਆ ਹੈ ਕਿ ਬਹੁਤ ਸਾਰੇ ਸਰਕਾਰੀ ਸਕੂਲਾਂ ਵਿਚ ਕਮਰਿਆਂ ਦੀ ਘਾਟ ਹੋਣ ਦੇ ਬਾਵਜੂਦ ਵੀ ਕੁੱਝ ਸਰਕਾਰੀ ਸਕੂਲਾਂ ਦੇ ਕਮਰਿਆਂ ਵਿਚ ਦੂਜੇ ਵਿਭਾਗਾਂ/ਦਫਤਰਾਂ ਦਾ ਸਮਾਨ ਰੱਖਿਆ ਹੋਇਆ ਹੈ। ਮਿਸਾਲ ਦੇ ਤੌਰ ਤੇ ਸਕੂਲਾਂ ਦੇ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਉੱਤਰ ਕਾਪੀਆਂ, ਇਲੈਕਸ਼ਨ ਸਬੰਧੀ ਸਮਾਨ ਜਾਂ ਕੁੱਝ ਹੋਰ ਤਰ੍ਹਾਂ ਦਾ ਬੇਲੋੜਾ ਸਮਾਨ ਜਿਵੇਂ ਕਿ ਨਕਾਰਾ ਹੋਈਆਂ ਸਾਈਕਲਾਂ ਆਦਿ ਰੱਖੀਆਂ ਹੋਈਆਂ ਹਨ। ਇਸ ਸਬੰਧ ਵਿਚ ਕਈ ਸਕੂਲਾਂ ਦੁਆਰਾ ਵਿਭਾਗ ਨੂੰ ਸ਼ਿਕਾਇਤਾਂ ਵੀ ਪ੍ਰਾਪਤ ਹੋ ਰਹੀਆਂ ਹਨ। ਇਸ ਬਾਰੇ ਮੀਟਿੰਗਾਂ ਦੌਰਾਨ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਬੇਨਤੀ ਵੀ ਕੀਤੀ ਗਈ ਸੀ ਕਿ ਇਹੋ ਜਿਹੀਆਂ ਸ਼ਿਕਾਇਤਾਂ ਦੇ ਬਾਰੇ ਆਪਣੇ ਪੱਧਰ ਤੇ ਲੋੜੀਂਦੀ ਕਾਰਵਾਈ ਕੀਤੀ ਜਾਵੇ।

2. ਇਸ ਪੱਤਰ ਦੇ ਰਾਹੀਂ ਸਮੂਹ ਸਕੂਲ ਮੁੱਖੀਆਂ/ਜਿਲ੍ਹਾ ਸਿੱਖਿਆ ਅਫਸਰਾਂ ਨੂੰ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਸਕੂਲ ਦੇ ਵਿਚ ਇਸ ਤਰ੍ਹਾਂ ਦਾ ਕੋਈ ਸਮਾਨ ਪਿਆ ਹੈ ਜਾਂ ਸਕੂਲ ਦੇ ਕਮਰਿਆ ਦੀ ਠੀਕ ਤਰ੍ਹਾਂ ਨਾਲ ਵਰਤੋਂ ਨਹੀਂ ਹੋ ਰਹੀ ਤਾਂ ਉਹ ਆਪੋ-ਆਪਣੇ ਵਟਸਪ ਗਰੁੱਪਾਂ ਵਿਚ ਇਸ ਸਬੰਧੀ ਲੋੜੀਂਦੀ ਸੂਚਨਾਂ ਅੱਪਲੋਡ ਕਰਨ। ਇਸ ਸਬੰਧੀ ਮੁੱਖ ਦਫਤਰ ਵਿਖੇ ਤੈਨਾਤ ਸ਼੍ਰੀ ਸ਼ੁਸ਼ੀਲ ਨਾਥ, ਸਹਾਇਕ ਡਾਇਰੈਕਟਰ ਪ੍ਰਾਪਤ ਹੋਈ ਸੂਚਨਾਂ ਦੇ ਅਧਾਰ ਤੇ ਲੋੜੀਂਦੀ ਕਾਰਵਾਈ ਕਰਨਗੇ।

**ਸਕੱਤਰ ਸਕੂਲ ਸਿੱਖਿਆ**

ਪਿ.ਅੰ.ਨੰ: 5/96/2018-5ਸਿ3/1334615/2 ਮਿਤੀ, ਚੰਡੀਗੜ੍ਹ: 16/10/2018

ਉਪਰੋਕਤ ਦਾ ਇੱਕ ਉਤਾਰਾ ਸ੍ਰੀ ਸ਼ੁਸ਼ੀਲ ਨਾਥ, ਸਹਾਇਕ ਡਾਇਰੈਕਟਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਸਕੱਤਰ ਸਕੂਲ ਸਿੱਖਿਆ**